20 ਲੱਖ ਤੋਂ ਵੱਧ ਪਾਠਕ
ਇਸਨੂੰ ਪ੍ਰਤਿਲਿਪੀ
'ਤੇ ਪੜ੍ਹ ਚੁੱਕੇ ਹਨ



ਵੈੱਬ ਸੀਰੀਜ਼
ਨਿਰਮਾਣ ਅਧੀਨ

ਅਮਿਤ ਖ਼ਾਨ

# ਨਾਈਟ ਕਲੱਬ

ਅਨੁਵਾਦਕ: ਹਰਜੋਤ

# ਨਾਈਟ ਕਲੱਬ

ਲੇਖਕ

**ਅਮਿਤ ਖ਼ਾਨ**

ਅਨੁਵਾਦਕ

**ਹਰਜੋਤ**

# ਲੇਖਕ ਨਾਲ ਜਾਣ-ਪਛਾਣ

ਲੇਖਕ ਦਾ ਜਨਮ ਗਾਜੀਆਬਾਦ ਜਨਪਦ ਦੇ ਪਿਲਖੁਆ ਕਸਬੇ ਵਿਚ ਹੋਇਆ। ਉਨ੍ਹਾਂ ਦੁਆਰਾ ਲਿਖੀ ਗਈ ਪਹਿਲੀ ਕਹਾਣੀ ਕੇਵਲ 12 ਸਾਲ ਦੀ ਛੋਟੀ ਉਮਰ ਵਿਚ ਅਤੇ ਪਹਿਲਾ ਨਾਵਲ ਕੇਵਲ 15 ਸਾਲ ਦੀ ਉਮਰ ਵਿਚ ਪ੍ਰਕਾਸ਼ਿਤ ਹੋ ਗਏ ਸਨ, ਜੋ ਸੰਭਾਵਿਤ ਤੌਰ ’ਤੇ ਵਿਸ਼ਵ ਰਿਕਾਰਡ ਹੈ। ਉਨ੍ਹਾਂ ਦੁਆਰਾ ਲਿਖੀਆਂ ਗਈਆਂ ਕਹਾਣੀਆਂ ਬਹੁਤ ਘੱਟ ਉਮਰ ਵਿਚ ਹੀ ਦੇਸ਼ ਦੀਆਂ ਵੱਡੇ ਪ੍ਰਸਿੱਧ ਰਸਾਲਿਆਂ ਵਿਚ ਪ੍ਰਕਾਸ਼ਿਤ ਹੋਈਆਂ।

ਦੇਸ਼ ਦੇ ਵੱਡੇ ਪ੍ਰਕਾਸ਼ਨ ਸੰਸਥਾਨਾਂ ਦੁਆਰਾ ਹੁਣ ਤੱਕ ਉਨ੍ਹਾਂ ਦੇ ਲਿਖੇ ਗਏ 100 ਤੋਂ ਵੱਧ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ।

ਦੇਸ਼ ਦੇ ਪ੍ਰਸਿੱਧ ‘ਰਾਈਟਰ ਫੈਸਟੀਵਲ’ ਵਿਚ ਉਨ੍ਹਾਂ ਨੂੰ ‘ਸਪੀਕਰ’ ਵਜੋਂ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਉਨ੍ਹਾਂ ਨੇ ‘ਡਾਇਮੰਡ ਕਾੱਮਿਕਸ’ ਵੀ ਕਾਫ਼ੀ ਵੱਡੀ ਗਿਣਤੀ ਵਿਚ ਲਿਖੇ, ਜੋ ਹਿੰਦੀ, ਅੰਗਰੇਜ਼ੀ ਅਤੇ ਬੰਗਲਾ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਏ।

ਇਸ ਤੋਂ ਇਲਾਵਾ ਅੱਜ ਉਨ੍ਹਾਂ ਦੁਆਰਾ ਸਿਰਜਿਆ ਗਿਆ ਪਾਤਰ ‘ਕਮਾਂਡਰ ਕਰਣ ਸਕਸੈਨਾ’ ਹਿੰਦੀ ਨਾਵਲ ਜਗਤ ਵਿਚ ਮੀਲ ਦਾ ਪੱਥਰ ਬਣ ਚੁੱਕਾ ਹੈ, ਜਿਸ ਲੜੀ ਵਿਚ ਉਨ੍ਹਾਂ ਨੇ 58 ਨਾਵਲ ਲਿਖੇ। ਇਸ ਲੜੀ ਉੱਤੇ ਇਕ ਵੱਡੀ ਆਡੀਓ ਡਰਾਮਾ ਸੀਰੀਜ਼ ਵੀ ‘Spotify’ ਉੱਤੇ ਉਪਲਬਧ ਹੈ, ਜਿਸ ਵਿਚ ‘ਕਮਾਂਡਰ ਕਰਣ ਸਕਸੈਨਾ’ ਦੀ ਅਵਾਜ਼ ਬਣੇ ਹਨ ਦੇਸ਼ ਦੇ ਚਹੇਤੇ ਸੁਪਰਸਟਾਰ – ਸੋਨੂੰ ਸੂਦ। ਇਸ ਸੀਰੀਜ਼ ਉੱਤੇ ਵੈੱਬ ਸੀਰੀਜ਼ ਵੀ ਨਿਰਮਾਣ ਅਧੀਨ ਹੈ।

ਉਹ ਅੱਜਕੱਲ੍ਹ ਮੁੰਬਈ ਵਿਚ ਰਹਿੰਦੇ ਹਨ ਅਤੇ ਮੁੰਬਈ ਫ਼ਿਲਮ ਉਦਯੋਗ ਵਿਚ ਕਾਫ਼ੀ ਸਰਗਰਮ ਹਨ। ਉਨ੍ਹਾਂ ਦੁਆਰਾ ਲਿਖੀ ਕਥਾ, ਸਕ੍ਰਿਪਟ, ਸੰਵਾਦਾਂ ਉੱਤੇ ਕਈ ਭਾਸ਼ਾਵਾਂ (ਹਿੰਦੀ, ਮਰਾਠੀ, ਪੰਜਾਬੀ) ਵਿਚ ਫ਼ਿਲਮਾਂ ਬਣ ਚੁੱਕੀਆਂ ਹਨ ਅਤੇ ਏਕਤਾ

ਕਪੂਰ ਦੁਆਰਾ ਬਣਾਈ ਗਈ ਉਨ੍ਹਾਂ ਦੇ ਨਾਵਲ ਉੱਤੇ ਅਧਾਰਿਤ ਵੈੱਬ ਸੀਰੀਜ਼ 'ਬਿੱਛੂ ਕਾ ਖੇਲ' ਵੀ ਸੁਪਰਹਿੱਟ ਰਹੀ ਹੈ। ਉਨ੍ਹਾਂ ਦੇ ਕਈ ਹੋਰ ਨਾਵਲਾਂ ਉੱਤੇ ਵੀ ਵੈੱਬ ਸੀਰੀਜ਼ ਅਤੇ ਫ਼ਿਲਮਾਂ ਬਣ ਰਹੀਆਂ ਹਨ। ਟੈਲੀਵਿਜ਼ਨ ਉੱਤੇ ਵੀ ਉਹ ਹੁਣ ਤੱਕ ਅਲੱਗ-ਅਲੱਗ ਸੀਰੀਅਲਾਂ ਲਈ ਸੌ ਤੋਂ ਵੱਧ ਐਪੀਸੋਡ ਲਿਖ ਚੁੱਕੇ ਹਨ।

ਉਨ੍ਹਾਂ ਨੂੰ 'ਵਿਸ਼ਵ ਹਿੰਦੀ ਅਕਾਦਮੀ' ਦੁਆਰਾ 'ਹਿੰਦੀ ਸੇਵਾ ਸਨਮਾਨ' ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।

'ਨਾਸਿਕ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ' ਵਿਚ ਉਨ੍ਹਾਂ ਨੂੰ 'ਬੈਸਟ ਕਥਾ-ਪਟਕਥਾ' ਦਾ ਪੁਰਸਕਾਰ ਦਿੱਤਾ ਗਿਆ ਹੈ।

## ਅਮਿਤ ਖ਼ਾਨ ਬਾਰੇ ਕੁਝ ਟਿੱਪਣੀਆਂ ਅਖ਼ਬਾਰਾਂ ਤੋਂ

ਜ਼ਬਰਦਸਤ ਥ੍ਰਿੱਲਰ ਲੇਖਕ

– ਮਹੇਸ਼ ਭੱਟ, ਪ੍ਰਸਿੱਧ ਫ਼ਿਲਮ ਨਿਰਮਾਤਾ-ਨਿਰਦੇਸ਼ਕ

ਅਮਿਤ ਖ਼ਾਨ ਹਿੰਦੀ ਪਲਪ ਫ਼ਿਕਸ਼ਨ ਦਾ ਬੇਹੱਦ ਮਸ਼ਹੂਰ ਅਤੇ ਸਭ ਤੋਂ ਨੌਜਵਾਨ ਚਿਹਰਾ ਹੈ। - ਹਿੰਦੁਸਤਾਨ ਟਾਈਮਜ਼

ਹਿੰਦੀ ਪਲਪ ਸਾਹਿਤ ਦੇ ਸਭ ਤੋਂ ਨੌਜਵਾਨ ਲੇਖਕ, ਜਿਨ੍ਹਾਂ ਦੀ ਨਜ਼ਰ ਲੇਖਣੀ ਦੇ ਇਸ ਬਦਲਦੇ ਯੁੱਗ ਵਿਚ ਇੰਟਰਨੈੱਟ ਕਾਰੋਬਾਰ ਉੱਤੇ ਵੀ ਹੈ। - ਫੈਮਿਨਾ

ਅਮਿਤ ਖ਼ਾਨ – ਉਹ ਲੇਖਕ, ਜੋ ਆਪਣੀ ਜ਼ਿੱਦ ਅਤੇ ਸ਼ਰਤਾਂ ਉੱਤੇ ਜ਼ਿੰਦਗੀ ਜਿਉਂਦੇ ਹਨ। - ਦੈਨਿਕ ਜਾਗਰਣ

ਅਮਿਤ ਖ਼ਾਨ – ਥ੍ਰਿੱਲਰ ਨਾਵਲਾਂ ਦੀ ਦੁਨੀਆ ਵਿਚ ਇਕ ਪ੍ਰਭਾਵਸ਼ਾਲੀ ਨਾਮ ਹੈ। - ਮਿਡ ਡੇਅ

12 ਸਾਲਾਂ ਦੀ ਉਮਰ ਵਿਚ ਪਹਿਲੀ ਕਹਾਣੀ, 15 ਸਾਲ ਦੀ ਉਮਰ ਵਿਚ ਪਹਿਲਾ ਨਾਵਲ। ਇਹ ਕਿਸੇ ਕਹਾਣੀ ਦੇ ਕਿਰਦਾਰ

ਦਾ ਜ਼ਿਕਰ ਨਹੀਂ ਹੈ ਸਗੋਂ ਅਮਿਤ ਖ਼ਾਨ ਨਾਂ ਦੇ ਇਕ ਅਜਿਹੇ ਸ਼ਖ਼ਸ ਦੀ ਪਛਾਣ ਹੈ, ਜਿਨ੍ਹਾਂ ਦੁਆਰਾ ਲਿਖਿਆ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੇ ਪੜ੍ਹਿਆ ਅਤੇ ਹੁਣ ਪਰਦੇ ਉੱਤੇ ਲੱਖਾਂ ਲੋਕ ਦੇਖ ਰਹੇ ਹਨ। - ਦੈਨਿਕ ਜਨਬਾਣੀ

ਅਮਿਤ ਖ਼ਾਨ – ਉਹ ਨਾਮ, ਜੋ ਲੇਖਣੀ ਦੀ ਦੁਨੀਆ ਦੀ ਅਦਭੁਤ ਸ਼ਖ਼ਸ਼ੀਅਤ ਹੈ। - ਦਅ ਫ੍ਰੀ ਪ੍ਰੈੱਸ ਜਨਰਲ

ਚੇਤਨ ਭਗਤ ਬਨਾਮ ਅਮਿਤ ਖ਼ਾਨ – ਦਿਵਯ ਭਾਸਕਰ

# ਤਤਕਰਾ

1. ਮੇਰਾ ਬਚਪਨ 13

2. ਮੇਰੀ ਨਵੀਂ ਸੱਜਰੀ ਜ਼ਿੰਦਗੀ ਦੀ ਸ਼ੁਰੂਆਤ 43

3. ਕਹਾਣੀ ਵਿਚ ਨਵਾਂ ਮੋੜ 76

4. ਪਿਆਰ ਦੀ ਸ਼ੁਰੂਆਤ 108

5. ਤਿਲਕ ਦੇ ਨਾਲ ਰਿਸ਼ਤੇ ਦੀ ਸ਼ੁਰੂਆਤ 137

6. ਖ਼ਤਰਨਾਕ ਮੋੜ 162

7. ਕਤਲ ਦੇ ਖੇਡ ਦੀ ਸ਼ੁਰੂਆਤ 188

8. ਹਨੀਮੂਨ 276

9. ਜ਼ਬਰਦਸਤ ਤਣਾਅ 335

10. ਰੂਪ ਦਾ ਜਾਦੂ 366

11. ਇਕ ਹੋਰ ਕਤਲ ਦੀ ਯੋਜਨਾਬੰਦੀ 388

12. ਕਤਲ 423

13. ਤਿਆਰ ਹੋ ਜਾਓ ਇਕ ਹੋਰ ਝਟਕੇ ਲਈ 461

14. ਘਰਵਾਲੇ ਦਾ ਕਤਲ 492

15. ਮੌਤ ਤੋਂ ਪਹਿਲਾਂ ਦੀ ਖੇਡ 526

16. ਸਭ ਤੋਂ ਵੱਡਾ ਝਟਕਾ – ਖੇਡ ਖ਼ਤਮ ! 575

17. ਉਪਸੰਹਾਰ 609

ਕਾਲ-ਕੋਠੜੀ ਦਾ ਦਰਵਾਜ਼ਾ ਚੂੰ-ਚੂੰ ਕਰਦਾ ਹੋਇਆ ਖੁੱਲ੍ਹਿਆ ਅਤੇ ਕੇਂਦਰੀ ਜੇਲ੍ਹ ਦੇ ਜੇਲ੍ਹਰ ਨੇ ਅੰਦਰ ਕਦਮ ਰੱਖਿਆ।

"ਮੈਨੂੰ ਹੈਰਾਨੀ ਹੋ ਰਹੀ ਏ।"

"ਹੈਰਾਨੀ ਕਾਹਦੀ?"

ਉਹ ਇਕ ਖ਼ੂਬਸੂਰਤ ਕੁੜੀ ਸੀ। ਬਹੁਤ ਖ਼ੂਬਸੂਰਤ।

ਉਮਰ ਵੀ ਜ਼ਿਆਦਾ ਨਹੀਂ। ਮੁਸ਼ਕਲ ਨਾਲ ਪੱਚੀ-ਛੱਬੀ ਸਾਲ।

ਉਹੀ ਉਸ ਕਾਲ-ਕੋਠੜੀ ਅੰਦਰ ਕੈਦ ਸੀ।

"ਇਹੀ ਸੋਚ ਕੇ ਹੈਰਾਨੀ ਹੋ ਰਹੀ ਹੈ," ਜੇਲ੍ਹਰ ਨੇ ਕਿਹਾ, "ਕਿ ਤੂੰ ਆਪਣੀ ਆਖ਼ਰੀ ਇੱਛਾ ਵਿਚ ਮੰਗਿਆ ਵੀ ਤਾਂ ਕੀ ਮੰਗਿਆ? ਸਿਰਫ਼ ਕੁਝ ਪੈੱਨ ਅਤੇ ਕਾਗ਼ਜ਼ ਦੇ ਕੁਝ ਬੰਡਲ। ਆਖ਼ਰ ਤੂੰ ਕਰੇਂਗੀ ਕੀ ਉਨ੍ਹਾਂ ਦਾ?"

ਕੁੜੀ ਨੇ ਡੂੰਘਾ ਸਾਹ ਛੱਡਿਆ।

ਉਸਦੇ ਚਿਹਰੇ ਉੱਤੇ ਇਕੋ ਵੇਲੇ ਕਈ ਰੰਗ ਆ ਕੇ ਗੁਜ਼ਰ ਗਏ।

"ਮੈਂ ਇਕ ਕਹਾਣੀ ਲਿਖਣਾ ਚਾਹੁੰਦੀ ਹਾਂ ਜੇਲ੍ਹਰ ਸਾਬ੍ਹ!"

"ਕਹਾਣੀ!"

"ਹਾਂ, ਆਪਣੀ ਕਹਾਣੀ। ਆਪਣੀ ਜ਼ਿੰਦਗੀ ਦੀ ਕਹਾਣੀ।"

"ਅੱਛਾ! ਮਤਲਬ ਤੂੰ ਸਵੈ-ਜੀਵਨੀ ਲਿਖਣਾ ਚਾਹੁੰਦੀ ਏਂ।"

"ਹਾਂ।"

"ਪਰ ਉਸ ਨਾਲ ਹੋਵੇਗਾ ਕੀ?"

"ਸ਼ਾਇਦ ਕੁਝ ਹੋਵੇ। ਸ਼ਾਇਦ ਮੇਰੇ ਨਾਲ ਜੋ ਕੁਝ ਬੀਤਿਆ ਹੈ, ਉਹ ਇਕ ਦਾਸਤਾਨ ਬਣ ਕੇ ਸਾਰੇ ਜ਼ਮਾਨੇ ਨੂੰ ਪਤਾ ਲੱਗ ਜਾਵੇ।"

"ਮੈਨੂੰ ਤਾਂ ਤੇਰੀ ਕੋਈ ਗੱਲ ਸਮਝ ਹੀ ਨਹੀਂ ਆ ਰਹੀ।"

ਕੁੜੀ ਹੱਸ ਪਈ।

ਪਰ ਉਸਦੇ ਹਾਸੇ ਵਿਚ ਵੀ ਦਰਦ ਸੀ।

ਤੜਫ ਸੀ।

"ਤੁਸੀਂ ਇਕ ਪੁਲਿਸ ਅਫ਼ਸਰ ਹੋਂ, ਤੁਸੀਂ ਮੇਰੀ ਗੱਲ ਏਨੀ ਸੌਖ ਨਾਲ ਸਮਝ ਵੀ ਨਹੀਂ ਸਕਦੇ। ਮੇਰੀ ਗੱਲ ਸਮਝਣ ਲਈ ਦਿਮਾਗ਼ ਨਹੀਂ, ਸਗੋਂ ਸੀਨੇ ਵਿਚ ਇਕ ਦਰਦ ਭਰਿਆ ਦਿਲ ਚਾਹੀਦਾ ਏ।"

"ਪਰ ਤੂੰ ਭੁੱਲ ਰਹੀ ਏਂ ਕੁੜੀਏ!" ਜੇਲ੍ਹਰ ਨੇ ਕਿਹਾ, "ਕਿ ਤੈਨੂੰ ਫਾਂਸੀ ਹੋਣ ਵਿਚ ਸਿਰਫ਼ ਤਿੰਨ ਦਿਨ ਬਾਕੀ ਹਨ।"